ਸਭ ਹਕ ਰਾਖਵੇਂ ਹਨ।

G. 656

ਬੈਕਟੀਰੀਆ

ਆਪਣੇ ਨਮੂਨੇ ਦੀ ਪੰਜਾਬੀ ਬੋਲੀ ਵਿਚ ਨਵੀਂ ਪੁਸਤਕ !

ਇਸ ਵਿਚ

ਬੈਕਟੀਰੀਆ ਦਾ ਹਾਲ ਕਿ ਉਹ ਕੀ ਚੀਜ਼ ਹਨ? ਕਿਸਤਰ੍ਹਾਂ ਮਲੂਮ ਹੋਏ ? ਕਿੰਨੀ ਕਿਸਮ ਦੇ ਹਨ ? ਆਦਮੀ ਨੂੰ ਉਨ੍ਹਾਂ ਤੋਂ ਕੀ ਲਾਭ ਜਾਂ ਨੁਕਸਾਨ ਹੈ ? ਤਪ ਮੁਹਰਕਾ, ਤਪਦਿਕ, ਮਲੇਰੀਆ, ਪਲੇਗ, ਮਾਤਾ, ਹੈਜ਼ਾ ਆਦਿਕ ਛੂਤ ਦੀਆਂ ਬਿਮਾਰੀਆਂ ਦੇ ਕੀੜੇ ਕਿਸਤਰ੍ਹਾਂ ਮੱਛਰਾਂ, ਮੱਖੀਆਂ, ਪਿੱਸੂਆਂ ਦੀ ਰਾਹੀਂ ਇੱਕ ਬੀਮਾਰ ਤੋਂ ਦੂਜੇ ਆਦਮੀ ਤੀਕਰ ਪਹੁੰਚ ਜਾਂਦੇ ਹਨ ? ਇਨ੍ਹਾਂ ਬੀਮਾਰੀਆਂ ਤੋਂ ਬਚਣ ਦੇ ਉਪਾ ਆਦਿਕ ਦਾ ਹਾਲ ਠੇਠ ਪੰਜਾਬੀ ਬੋਲੀ ਵਿਚ ਇਕ ਰੰਗਦਾਰ, ਤਿੰਨ ਹਾਫਟੋਨ ਤੇ ਇਕ ਲਾਇਨ ਬਲਾਕ ਦੇਕੇ ਸਮਝਾਇਆ ਗਿਆ ਹੈ। ਇਹ ਪੁਸਤਕ ਉਂਵ ਤਾਂ ਹਰ ਇਕ ਲਈ, ਪਰ ਖਾਸ ਕਰ ਬੀਬੀਆਂ ਲਈ ਜ਼ਿਆਦਾ ਲਾਭਦਾਇਕ ਹੈ।

LAHORE

ਲੇਖਕ ਤੇ ਪ੍ਰਕਾਸ਼ਕ !

ਸੁਜਾਨ ਸਿੰਘ ਸ਼ਾਹਪੁਰੀ ਸਾਇੰਸ ਟੀਚਰ

ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ

੧੯੨੮ ਈਃ

ਪਹਿਲੀ ਵਾਰ ੫੦੦ ਮੁਲ ਛੇ ਆਨੇ

ਬੈਕਟੀਰੀਆ ਦੀਆਂ ਸ਼ਕਲਾਂ

੧–ਗਲ ਦੀ ਬੀਮਾਰੀ (ਡਿਪਥੀਰੀਆ) ਦੇ
(੦)–ਇਹੋ ਪੰਜਾਂ ਦਿਨਾਂ ਪਿਛੋਂ ।
੨–ਤਪਦਿਕ ਦੇ (ਬੀਮਾਰ ਦੀ ਥੁਕ ਵਿਚੋਂ ਲੀਤੇ ਹੋਏ) ।
੩–ਹੈਜ਼ੇ ਦੇ ।
੪–ਨਮੂਨੀਆਂ ਦੇ (ਥੁਕ ਵਿਚੋਂ)
੫–ਸੁਜ਼ਾਕ ਦੇ (ਬੀਮਾਰ ਦੀ ਪੀਪ ਵਿਚੋਂ) ।
ਨੋਟ–ਇਹ ਸਾਰੇ ਆਪਣੇ ਅਸਲ ਕਦ ਨਾਲੋਂ ਹਜ਼ਾਰ ਗੁਣਾ ਵਡੇ ਹਨ

ਬੈਕਟੀਰੀਆ ਕੀ ਹਨ ?

ਬੈਕਟੀਰੀਆ (Bacteria)
ਮਾਈਕਰੋਬ (Microbe)
ਜਰਮਜ਼ (Germs)

ਇਹ ਨਾਉਂ ਇੱਕ ਖਾਸ ਕਿਸਮ ਦੀ ਜਾਨਦਾਰ ਚੀਜ਼ ਦੇ ਹਨ। ਭਾਵੇਂ ਕਈ ਪਾਠਕ ਇਨ੍ਹਾਂ ਦੇ ਕਾਰਨਾਮਿਆਂ ਤੋਂ ਪਹਿਲੇ ਹੀ ਬਹੁਤ ਕੁਝ ਜਾਣੂੰ ਹੋਣਗੇ, ਪਰ ਫਿਰ ਵੀ ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਨਿੱਕੇ ੨ ਜੀਵਾਂ ਤੋਂ ਵਧੇਰੇ ਗਿਆਤਾ ਹੋਣ ਨਾਲ ਬਹੁਤ ਕਝ ਲਾਭ ਪਹੁੰਚੇਗਾ।

ਇਹ ਮਹੀਨ ਮਹੀਨ ਕੀੜੇ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਹਵਾ, ਪਾਣੀ, ਖਾਣ ਦੀਆਂ ਚੀਜ਼ਾਂ, ਕਪੜਿਆਂ ਦੇ ਵਿਚ, ਅੰਦਰ, ਬਾਹਰ, ਆਦਮੀ, ਪਸ਼ੂਆਂ ਦੇ ਆਲੇ ਦੁਆਲੇ, ਜ਼ਮੀਨ ਉਪਰ, ਦਰੱਖਤਾਂ ਪੁਰ ਹਰ ਥਾਂ ਮਿਲਦੇ ਹਨ। ਹਰ ਸਾਲ ਦੁਨੀਆਂ ਵਿਚ ਲੱਖਾਂ ਮਨੁਸ਼, ਪਸ਼ੂ ਇਨ੍ਹਾਂ ਦੇ ਹਥੋਂ ਮੌਤ ਦੇ ਘਾਟ ਉਤਰਦੇ ਹਨ, ਪਰ ਗਜ਼ਬ ਇਹ ਹੈ ਕਿ ਅੱਖੀਆਂ ਨਾਲ ਇਹ ਨਜ਼ਰ ਹੀ ਨਹੀਂ ਆਉਂਦੇ ਤੇ ਨਾ ਹੀ ਅਸੀਂ ਸੁੰਘਕੇ ਇਨ੍ਹਾਂ ਦੀ ਹੋਂਦ ਦਾ ਕੁਝ ਪਤਾ ਕਢ ਸਕਦੇ ਹਾਂ।ਤਾਹੀਓਂ ਪਤਾ ਲਗਦਾ ਹੈ ਕਿ ਇਹ ਬੰਦੇ ਨੂੰ ਆਪਣਾ †ਜ਼ੋਰ ਪਾਕੇ

---

†ਡਾਕਟਰ ਲੋਕਾਂ ਨੇ ਲਹੂ ਦੇ ਟੇਪੇ ਨੂੰ ਖੁਰਦਬੀਨ ਨਾਲ ਵੇਖਕੇ ਇਹ ਦਸਿਆ ਹੈ ਕਿ ਲਹੂ ਦੇ ਮਹੀਨ ੨ ਗੋਲ ਜ਼ੱਰੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.